ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

(ਪ੍ਰਮੋਸ਼ਨ ਸੈੱਲ)

ਹੁਕਮ ਨੰਬਰ (ਈ-558091/2023)/(ਪੀ-3)/ 202452468

ਮਿਤੀ, ਐਸ.ਏ.ਐਸ.ਨਗਰ- 23.02.2024

ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਟੀਚਿੰਗ ਕਾਡਰ) ਗਰੁੱਪ ਸੀ ਸਰਵਿਸ ਰੂਲਜ 2018 ਦੀ ਪਹਿਲੀ ਸੋਧ ਸਾਲ 2020 ਵਿੱਚ ਕੀਤੇ ਉਪਬੰਧਾਂ ਤਹਿਤ, ਖੇਤਰੀ ਦਫ਼ਤਰਾਂ ਅਤੇ ਮੁੱਖ ਦਫ਼ਤਰ ਵਿੱਚ ਕੰਮ ਕਰਦੇ ਨਾਨ-ਟੀਚਿੰਗ ਕਾਡਰ (ਕਲਰਕ / ਜੂਨੀਅਰ ਸਹਾਇਕ, ਲਾਇਬ੍ਰੇਰੀਅਨ / ਸਹਾਇਕ ਲਾਇਬ੍ਰੇਰੀਅਨ, ਸਟੈਨੋ-ਟਾਈਪਿਸਟ, ਜੂਨੀਅਰ ਸਕੇਲ ਸਟੈਨੋਗ੍ਰਾਫਰ, ਲਾਇਬ੍ਰੇਰੀ ਰਿਸਟੋਰਰ ਅਤੇ ਐਸ.ਐਲ.ਏ.) ਦੇ ਕਰਮਚਾਰੀਆਂ ਤੋਂ ਬਤੌਰ ਮਾਸਟਰ ਕਾਡਰ ਪਦ-ਉੱਨਤੀਆਂ ਲਈ ਦਿੱਤੇ ਗਏ 1% ਕੋਟੇ ਅਧੀਨ ਮਾਸਟਰ ਕਾਡਰ ਦੇ **ਅੰਗਰੇਜੀ ਵਿਸ਼ੇ** ਲਈ Punjab Civil Services (Revised Pay) Rules 2021 ਦੇ ਲੈਵਲ 13 ਵਿੱਚ ਹੇਠ ਲਿਖੇ ਕਰਮਚਾਰੀਆਂ ਦੀ ਪਦ-ਉੱਨਤੀ ਕੀਤੀ ਜਾਂਦੀ ਹੈ--

| ਲੜੀ ਨੰਬਰ | ਇੰਟਰ ਸੇ ਸੀਨੀ. ਨੰਬਰ | ਸਟਾਫ ਆਈ.ਡੀ. e-punjab / iHRMS | ਕਰਮਚਾਰੀ ਦਾ ਨਾਮ | ਅਹੁੱਦਾ | ਮੌਜੂਦਾ ਕੰਮ ਕਰਨ ਦਾ ਸਥਾਨ | ਕੈਟਾਗਰੀ | ਜਨਮ ਮਿਤੀ | ਰੋਸਟਰ ਨੁਕਤਾ |
|---|---|---|---|---|---|---|---|---|
| 1 | 1 | 919651316 92781 | ਨਵਦੀਪ ਮਹਿੰਦਰਾ | ਜੂਨੀ. ਸਹਾ | ਸਕੂਲ ਆਫ ਐਮੀ. ਛੇਹਰਟਾ (ਅੰਮ੍ਰਿਤਸਰ) | ਜਨਰਲ | 25.01.1978 | |
| 2 | 4 | 404196920 23828 | ਭੁਪਿੰਦਰ ਸਿੰਘ | ਕਲਰਕ | ਸਸਸਸ ਉਸਮਾਨਪੁਰ (ਸਭਸ ਨਗਰ) | ਜਨਰਲ | 03.12.1979 | |
| 3 | 6 | 225487577 91696 | ਰਵਨੀਤ ਕੌਰ ਸੱਗੂ | ਐਸ.ਐਲ.ਏ. | ਸਸਸਸ ਬੁੱਘੀਪੁਰਾ (ਮੋਗਾ) | ਬੀ.ਸੀ. | 09.07.1992 | |
| 4 | 7 | 393116471 19750 | ਚਰਨਜੀਤ ਕੌਰ | ਕਲਰਕ | ਸਹਸ ਖਵਾਜਾ ਵਰਦੋਗ (ਗੁਰਦਾਸਪੁਰ) | ਬੀ.ਸੀ. | 05.01.1985 | |
| 5 | 8 | 747455132 | ਸੁਸ਼ਮਾ ਰਾਣੀ | ਲਾਇ ਰਿਸ. | ਸਸਸਸ ਮਨਵਾਲ, ਪਠਾਨਕੋਟ | ਐਸ.ਸੀ. (ਆਰ. ਤੇ ਓ) | 15.01.1976 | ਅ.ਜਾਤੀ ਦੇ ਨੁਕਤਾ 6 ਵਿਰੁੱਧ |
| 6 | 9 | 122856 251251827 | ਨਿਮਿਸ਼ਾ | ਲਾਇ. ਰਿਸ | ਸਕੰਸਸਸ ਮਲੋਟ ਸ੍ਰੀ ਮੁਕਤਸਰ ਸਾਹਿਬ | ਜਨਰਲ | 12.01.1980 | |
| 7 | 10 | 489349193 119883 | ਜਸਵਿੰਦਰ ਕੌਰ | ਐਸ.ਐਲ.ਏ. | ਸ਼ਹੀਦ ਮਨਿੰਦਰ ਸਿੰਘ ਔਤਰੀ ਸਸਸਸ ਦੀਨਾ ਨਗਰ (ਮੁੰ) ਗੁਰਦਾਸਪੁਰ | ਜਨਰਲ | 01.04.1983 | |
| 8 | 11 | 799122224 102042 | ਪੂਜਾ ਸ਼ਰਮਾਂ | ਐਸ.ਐਲ.ਏ. | ਸਸਸਸ ਛੀਨੇਲੀ (ਗੁਰਦਾਸਪੁਰ) | ਜਨਰਲ | 31.12.1987 | |
| 9 | 12 | 512242539 95535 | ਅਰਸ਼ਦੀਪ ਕੌਰ | ਕਲਰਕ | ਸਸਸਸ(ਕੰ) ਧੂਰੀ (ਸੰਗਰੂਰ) | ਜਨਰਲ | 24.12.1989 | |
| 10 | 13 | 776 | ਧਰਮਿੰਦਰ ਸਿੰਘ | ਕਲਰਕ | ਦਫ਼ਤਰ ਡੀ.ਐਸ.ਈ. (ਸੈਕੰਡਰੀ) ਪੰਜਾਬ | ਐਸ.ਸੀ. (ਆਰ.ਤੇ ਓ.) | 29.06.1989 | ਅ.ਜਾਤੀ ਦੇ ਨੁਕਤਾ 11 ਵਿਰੁੱਧ |
| 11 | 14 | 102545 860992335 | ਮਹਿੰਦਰ ਕੁਮਾਰ | ਕਲਰਕ | ਸਸਸਸ ਕਬਰਵਾਲਾ (ਸ੍ਰੀ ਮੁਕਤਸਰ ਸਾਹਿਬ) | ਬੀ.ਸੀ. | 01.06.1987 | |
| 12 | 15 | 281440817 27350 | ਮੋਨਿਕਾ | ਐਸ.ਐਲ.ਏ. | ਸਹਸ ਰਣਬੀਰਪੁਰਾ (ਪਟਿਆਲਾ) | ਜਨਰਲ | 27.04.1980 | |

| | | | | | | | | |
|---|---|---|---|---|---|---|---|---|
| 3 | 16 | 983475334 112325 | ਨੈਨਸੀ ਗੋਇਲ | ਐਸ.ਐਲ.ਏ. | ਸਸਸਸ ਭੋਗੀਵਾਲ (ਮਲੇਰਕੋਟਲਾ) | ਜਨਰਲ | 22.06.1983 | |
| 14 | 18 | 442009777 154335 | ਨਵਨੀਤ ਕੌਰ | ਐਸ.ਐਲ.ਏ. | ਸਸਸਸ ਤਿੱਬੜ (ਗੁਰਦਾਸਪੁਰ) | ਜਨਰਲ | 20.08.1997 | |
| 15 | 20 | 433878375 89228 | ਮੀਨੂੰ | ਲਾਇਬ੍ਰੇਰੀਅਨ | ਸਸਸਸ ਸੁਖਸਾਲ, ਰੂਪਨਗਰ | ਜਨਰਲ | 08.06.1976 | |
| 16 | 21 | 105928 860717797 | ਦੀਪਿਕਾ ਸ਼ਰਮਾਂ | ਲਾਇਬ੍ਰੇਰੀਅਨ | ਸੈਪਰ ਸ਼ਹੀਦ ਦਲਜੀਤ ਸਿੰਘ ਸਸਸਸ ਦਕੋਹਾ, ਜਲੰਧਰ | ਜਨਰਲ | 09.08.1980 | |

ਸ਼ਰਤਾਂ-

1. ਇਹ ਤਰੱਕੀਆਂ "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਗਰੁੱਪ-ਸੀ, ਰੂਲਜ਼ 2018", "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਬਾਰਡਰ ਏਰੀਆ, ਗਰੁੱਪ-ਸੀ, ਰੂਲਜ਼ 2018 "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਗਰੁੱਪ-ਸੀ, ਸੇਵਾਵਾਂ (ਪਹਿਲੀ ਸੋਧ), ਰੂਲਜ਼, 2020" ਅਤੇ "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਬਾਰਡਰ ਏਰੀਆ, ਗਰੁੱਪ-ਸੀ ਸੇਵਾਵਾਂ (ਪਹਿਲੀ ਸੋਧ) ਰੂਲਜ਼ 2020" ਅਤੇ "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਗਰੁੱਪ-ਸੀ, ਸੇਵਾਵਾਂ (ਸੋਧ), ਰੂਲਜ਼, 2021 " , "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਬਾਰਡਰ ਏਰੀਆ, ਗਰੁੱਪ-ਸੀ ਸੇਵਾਵਾਂ (ਸੋਧ) ਰੂਲਜ਼ 2021 " ਅਨੁਸਾਰ ਅਨੁਸਾਰ ਕੀਤੀਆਂ ਗਈਆਂ ਹਨ ।
2. ਸਬੰਧਤ ਕਰਮਚਾਰੀ/ਕਰਮਚਾਰਨ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਅਨੁਸਾਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਨਿਯਮਾਂ ਅਨੁਸਾਰ (ਬੀ.ਏ./ ਬੀ.ਐਸ.ਸੀ./ ਬੀ.ਐਡ. ਆਦਿ) ਪਾਸ ਹੋਵੇ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ / ਨਿਯਮਾਂ ਅਨੁਸਾਰ ਵਿਸ਼ਾ ਜੋੜ ਦੀ ਸ਼ਰਤ ਪੂਰੀ ਕਰਦਾ / ਕਰਦੀ ਹੋਵੇ।
3. ਸਬੰਧਤ ਸਕੂਲ ਮੁਖੀ ਕਰਮਚਾਰੀ / ਕਰਮਚਾਰਨ ਨੂੰ ਫਾਰਗ ਕਰਨ ਤੋਂ ਪਹਿਲਾਂ ਉਸ ਦੇ ਮੁਕੰਮਲ ਸੇਵਾ ਰਿਕਾਰਡ ਅਤੇ ਵਿਦਿਅਕ ਯੋਗਤਾਵਾਂ ਸਬੰਧੀ ਰਿਕਾਰਡ (ਨਿਯਮਾਂ ਅਨੁਸਾਰ) ਚੈੱਕ ਕਰਨਗੇ।
4. ਸਬੰਧਤ ਪਦ-ਉੱਨਤ ਕੀਤਾ ਗਿਆ ਕਰਮਚਾਰੀ ਰੈਗੂਲਰ ਤੌਰ ਤੇ ਕੰਮ ਕਰਦਾ ਹੋਣਾ ਚਾਹੀਦਾ ਹੈ ਅਤੇ ਤਰੱਕੀ ਤੋਂ ਪਹਿਲਾ ਵਾਲੀ ਆਸਾਮੀ ਤੇ ਉਸਦਾ ਪਰਖ ਕਾਲ ਸਮਾਂ ਕਲੀਅਰ ਹੋਣਾ ਚਾਹੀਦਾ ਹੈ।
5. ਡਿਪਾਰਟਮੈਂਟ ਆਫ ਪ੍ਰਸੋਨਲ ਐਂਡ ਐਡਮਨਿਸਟ੍ਰੇਟਿਵ ਰੀਫਾਰਮਸ (ਪਰਸੋਨਲ ਪਾਲਿਸੀ ਬਰਾਂਚ-1) ਦੀ ਨੋਟੀਫਿਕੇਸ਼ਨ ਮਿਤੀ 04.05.1994 ਅਨੁਸਾਰ ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡੀਸ਼ਨਜ਼ ਆਫ ਸਰਵਿਸਜ਼) ਰੂਲ 1994 ਤਹਿਤ ਤਰੱਕੀ ਉਪਰੰਤ ਸਮੇਂ ਸਿਰ ਹਾਜਰ ਨਾ ਹੋਣ ਵਾਲੇ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਡੀਬਾਰ ਕੀਤਾ ਜਾਵੇਗਾ।
6. ਇਹ ਪਦ-ਉੱਨਤੀ ਦੇ ਹੁਕਮ, ਭਵਿੱਖ ਵਿੱਚ ਕਿਸੇ ਤਰ੍ਹਾਂ ਦੇ ਤੱਥ ਗਲਤ ਸਾਬਿਤ ਹੋਣ ਦੀ ਸੂਰਤ ਵਿੱਚ ਜਾਂ ਸਬੰਧਤ ਕਰਮਚਾਰੀ ਵੱਲੋਂ ਈ-ਪੰਜਾਬ / ਆਈ.ਐੱਚ.ਆਰ.ਐਮ.ਐਸ. ਪੋਰਟਲ ਤੇ ਗਲਤ ਵੇਰਵੇ ਕਾਰਨ ਜਾਂ ਸਬੰਧਤ ਕਰਮਚਾਰੀ ਦੇ ਕੰਮ ਅਤੇ ਆਚਰਣ ਤਸੱਲੀਬਖਸ਼ ਨਾ ਹੋਣ ਕਾਰਨ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ।
7. ਸਬੰਧਤ ਕਰਮਚਾਰੀ/ਕਰਮਚਾਰਨ ਦੀ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਸੀਨੀਆਰਤਾ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ। ਕਰਮਚਾਰੀ/ਕਰਮਚਾਰਨ ਨੂੰ ਵਿੱਤੀ ਲਾਭ ਉਸ ਦੀ ਹਾਜਰੀ ਦੀ ਮਿਤੀ ਤੋਂ ਮਿਲਣ ਯੋਗ ਹੋਣਗੇ ।
8. ਸਬੰਧਤ ਕਰਮਚਾਰੀ/ਕਰਮਚਾਰਨ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਵਾਇਆ ਜਾਵੇ।
9. ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਨ੍ਹਾਂ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਪੱਤਰ- ਵਿਹਾਰ/ਰੈਗੂਲਰ ਮੋਡ ਰਾਹੀਂ ਵਿਦਿਅਕ ਯੋਗਤਾਵਾਂ ਹਾਸਲ ਕੀਤੀਆ ਹਨ, ਉਨ੍ਹਾਂ ਨੇ ਵਿਭਾਗੀ ਮੰਜ਼ੂਰੀ ਲਈ ਹੋਵੇ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਜੇਕਰ ਅਜਿਹੇ ਕਰਮਚਾਰੀਆਂ ਨੇ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਰੈਗੂਲਰ ਤੌਰ ਤੇ ਪ੍ਰਾਪਤ ਕੀਤੀਆਂ ਹਨ, ਤਾਂ ਇਸ ਸਬੰਧੀ ਸਮਰੱਥ ਅਧਿਕਾਰੀ ਤੋਂ ਲੋੜੀਂਦੀ ਛੁੱਟੀ ਦੀ ਮੰਜ਼ੂਰੀ ਪ੍ਰਾਪਤ ਕੀਤੀ ਹੋਵੇ।
10. ਜੇਕਰ ਕਿਸੇ ਕਾਰਨ ਵੱਖ-ਵੱਖ ਵਿਸ਼ਿਆਂ ਵਿੱਚ ਪਦ-ਉਨਤ ਕਰਮਚਾਰੀਆਂ ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਗਿਆ ਹੋਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰਿਵਰਟ ਕਰ ਦਿੱਤਾ ਜਾਵੇਗਾ।
11. ਇਹ ਤਰੱਕੀ ਇੱਕ ਸਾਲ ਦੇ ਸਮੇਂ ਲਈ ਪ੍ਰਬੇਸ਼ਨ ਤੇ ਹੋਵੇਗੀ।
12. ਐਲ.ਪੀ.ਏ. 1843 ਆਫ 2019- ਸਟੇਟ ਆਫ ਪੰਜਾਬ ਅਤੇ ਹੋਰ ਬਨਾਮ ਕਰਮਜੀਤ, ਸਿ.ਰਿ.ਪ. ਨੰ. 13563 ਆਫ 2016 ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿ.ਰਿ.ਪ. ਨੰ. 13463 ਆਫ 2020 ਅਮਨਦੀਪ ਕੋਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਸਿ.ਰਿ.ਪ. ਨੰ. 12535 ਆਫ 2020 ਪ੍ਰਦੀਪ ਕੁਮਾਰ ਗੁਪਤਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਬੰਧਤ ਮੇਲ ਖਾਦੀਆਂ ਰਿੱਟ

ਪਟੀਸ਼ਨਾਂ/ ਹੋਰ ਕਿਸੇ ਵੀ ਸਬੰਧਤ ਕੋਰਟ ਕੇਸ ਵਿੱਚ ਹੋਣ ਵਾਲਾ ਅੰਤਿਮ ਫੈਸਲਾ ਇਹਨਾਂ ਤਰੱਕੀਆਂ ਤੇ ਲਾਗੂ ਹੋਵੇਗਾ। ਪਦ-ਉਨਤੀਆਂ ਬਿਲਕੁੱਲ ਆਰਜੀ ਹਨ ਅਤੇ ਉਕਤ ਰਿੱਟ ਪਟੀਸ਼ਨਾਂ/ਹੋਰ ਸਬੰਧਤ ਮੇਲ ਖਾਦੀਆਂ ਰਿੱਟ ਪਟੀਸ਼ਨਾਂ ਦੇ ਫੈਸਲੇ ਉਪਰ ਨਿਰਭਰ ਕਰਨਗੀਆਂ।

13. ਇਹ ਪਦ-ਉਨਤ ਕਰਮਚਾਰੀ/ਕਰਮਚਾਰਨ ਆਪਣੀ ਹਾਜਰੀ ਰਿਪੋਰਟ 2 ਦਿਨਾਂ ਦੇ ਅੰਦਰ-2 ਸਬੰਧਤ ਜਿਲੇ ਦੇ ਦਫ਼ਤਰ ਨੂੰ ਪੇਸ਼ ਕਰਨਗੇ।
14. ਲੜੀ ਨੰਬਰ 15 ਤੇ ਦਰਜ ਕਰਮਚਾਰਨ ਦੀ ਪਦ-ਉੱਨਤੀ ਉਸਦੀ ਮੁੱਢਲੀ ਨਿਯੁਕਤੀ ਬਤੌਰ ਲਾਇਬ੍ਰੇਰੀ ਰਿਸਟੋਰਰ ਦੇ ਤਜਰਬੇ ਨੂੰ ਗਿਣਕੇ ਕੀਤੀ ਗਈ ਹੈ, ਇਸ ਲਈ ਇਹ ਪਦ-ਉੱਨਤੀ (ਬਤੌਰ ਮਾਸਟਰ ਕਾਡਰ) ਕਰਮਚਾਰਨ ਵੱਲੋਂ ਬਤੌਰ ਲਾਇਬ੍ਰੇਰੀਅਨ ਪਦ-ਉੱਨਤੀ ਛੱਡਣ ਦੀ ਸੂਰਤ ਵਿੱਚ ਹੀ ਲਾਗੂ ਹੋਵੇਗੀ।

ਪਰਮਜੀਤ ਸਿੰਘ
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ
ਮਿਤੀ, ਐਸ.ਏ.ਐਸ.ਨਗਰ- 23.02.2024

ਪਿੱਠ ਅੰਕਣ ਨੰਬਰ- ਉਕਤ/ 2024525468

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ / ਐਸਿ) ਨੂੰ ਸਬੰਧਤ ਪਦ-ਉੱਨਤ ਕਰਮਚਾਰੀਆਂ ਨੂੰ ਉਕਤ ਸ਼ਰਤਾਂ ਅਧੀਨ ਫਾਰਗ / ਹਾਜਰ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ।
2. ਸਬੰਧਤ ਸਕੂਲ ਮੁਖੀ / ਸੰਸਥਾਂ ਦਾ ਮੁਖੀ ।
3. ਸਬੰਧਤ ਕਰਮਚਾਰੀ / ਕਰਮਚਾਰਨ ਇਹਨਾਂ ਹੁਕਮਾਂ ਦੀ ਕਾਪੀ www.ssapunjab.org ਤੋਂ ਪ੍ਰਾਪਤ ਕਰਨਗੇ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)